Australian Government

VIOLENCE AGAINST WOMEN
LET'S STOP IT
AT THE START

# ਬਹੁ-ਸੱਭਿਆਚਾਰਕ ਸ੍ਰੋਤਿਆਂ ਨਾਲ ਸੰਚਾਰ ਕਰਨ ਲਈ ਦਿਸ਼ਾ-ਨਿਰਦੇਸ਼

## ਇਸ ਦਸਤਾਵੇਜ਼ ਦਾ ਉਦੇਸ਼

ਇਹ ਸੁਨਿਸ਼ਚਿਤ ਕਰਨ ਲਈ ਕਿ 'ਸਟਾਪ ਇਟ ਐਟ ਸਟਾਰਟ' ਮੁਹਿੰਮ ਨਾਲ ਸਬੰਧਤ ਸਾਰੇ ਸਨੇਹੇ ਪੇਸ਼ੇਵਰ, ਇਕਸਾਰ, ਅਤੇ ਮੁਹਿੰਮ ਦੇ ਮੁੱਖ ਸੰਦੇਸ਼ਾਂ ਅਤੇ ਆਸਟਰੇਲੀਆ ਦੀ ਸਰਕਾਰ ਦੀਆਂ ਵਚਨਬੱਧਤਾਵਾਂ ਨਾਲ ਜੁੜੇ ਹੋਏ ਹਨ, ਇਹ ਦਸਤਾਵੇਜ਼ ਮੀਡੀਆ, ਹਿੱਸੇਦਾਰਾਂ ਅਤੇ ਭਾਈਚਾਰੇ ਲਈ ਦਿਸ਼ਾ-ਨਿਰਦੇਸ਼ਾਂ ਦੀ ਲੜੀ ਵਜੋਂ ਤਿਆਰ ਕੀਤਾ ਗਿਆ ਹੈ।

## ਮਿਥੇ ਸ੍ਰੋਤਿਆਂ ਨੂੰ ਸੁਨੇਹਾ ਦੇਣਾ

| | ਮੁਖ ਸੁਨਹ |
|---|---|
| **ਵਿਆਪਕ ਸੁਨੇਹੇ** | 'ਸਟਾਪ ਇਟ ਐਟ ਸਟਾਰਟ' ਇੱਕ ਮੁੱਢਲੀ ਰੋਕਥਾਮ ਵਾਲੀ ਮੁਹਿੰਮ ਹੈ ਜੋ ਇਹ ਦੇਖਦੀ ਹੈ ਕਿ ਅਸੀਂ, ਬਾਲਗ ਹੋਣ ਦੇ ਤੌਰ ਤੇ, ਔਰਤਾਂ ਵਿਰੁੱਧ ਹਿੰਸਾ ਦੇ ਚੱਕਰ ਨੂੰ ਤੋੜਨ ਵਿੱਚ ਕਿਵੇਂ ਮਦਦ ਕਰ ਸਕਦੇ ਹਾਂ।<br>• ਔਰਤਾਂ ਪ੍ਰਤੀ ਸਾਰੇ ਨਿਰਾਦਰਾਂ ਦਾ ਨਤੀਜਾ ਹਿੰਸਾ ਨਹੀਂ ਹੁੰਦਾ, ਪਰ ਔਰਤਾਂ ਵਿਰੁੱਧ ਸਾਰੀ ਹਿੰਸਾ ਨਿਰਾਦਰ ਵਾਲੇ ਵਿਵਹਾਰ ਤੋਂ ਸ਼ੁਰੂ ਹੁੰਦੀ ਹੈ।<br>• ਔਰਤਾਂ ਵਿਰੁੱਧ ਹਿੰਸਾ ਅਜੇ ਵੀ ਹੁੰਦੀ ਹੈ, ਅਤੇ ਸਮੱਸਿਆ ਦਾ ਹੱਲ ਨਹੀਂ ਕੱਢਿਆ ਗਿਆ ਹੈ।<br>• ਮਾਤਾ-ਪਿਤਾ, ਦੇਖਭਾਲ ਕਰਨ ਵਾਲੇ ਅਤੇ ਪਰਿਵਾਰ ਦੇ ਜੀਆਂ ਦੇ ਰੂਪ ਵਿੱਚ, ਸਾਨੂੰ ਸਾਰਿਆਂ ਨੂੰ ਨਿਰਾਦਰ ਅਤੇ ਅੰਤ ਵਿੱਚ ਔਰਤਾਂ ਵਿਰੁੱਧ ਹਿੰਸਾ ਦੇ ਚੱਕਰ ਨੂੰ ਤੋੜਨ ਵਿੱਚ ਭੂਮਿਕਾ ਨਿਭਾਉਣ ਦੀ ਲੋੜ ਹੈ।<br>• ਆਨਲਾਈਨ ਨਿਰਾਦਰ ਬਹੁਤ ਸਾਰੇ ਤਰੀਕਿਆਂ ਵਿੱਚੋਂ ਇੱਕ ਹੈ ਜਿਸ ਵਿੱਚ ਹਿੰਸਾ ਦਾ ਸਮਰਥਨ ਕਰਨ ਵਾਲੇ ਰਵੱਈਏ ਵਿਕਸਿਤ ਹੋਣੇ ਸ਼ੁਰੂ ਹੋ ਸਕਦੇ ਹਨ। |
| **ਨਿਰਾਦਰ ਦੇ ਲੁਕਵੇਂ ਰੁਝਾਨ** | ਆਨਲਾਈਨ ਅਤੇ ਅਸਲ ਸੰਸਾਰ ਵਿੱਚ ਨਵੇਂ ਅਤੇ ਸ਼ਕਤੀਸ਼ਾਲੀ ਪ੍ਰਭਾਵ ਹਨ ਜੋ ਨੌਜਵਾਨਾਂ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਲਿੰਗ ਅਧਾਰਿਤ ਨਿਰਾਦਰ ਪ੍ਰਤੀ ਉਹਨਾਂ ਦੇ ਰਵੱਈਏ ਨੂੰ ਪ੍ਰਭਾਵਿਤ ਕਰਦੇ ਹਨ।<br>• ਮਾਪੇ ਅਤੇ ਪ੍ਰਭਾਵਕ, ਨੌਜਵਾਨਾਂ ਦੁਆਰਾ ਆਨਲਾਈਨ ਕੀਤੀ ਜਾਣ ਵਾਲੀ ਗੱਲਬਾਤ ਤੋਂ ਅਣਜਾਣ ਹਨ। ਇਹ ਮਾਪਿਆਂ ਲਈ ਮਹੱਤਵਪੂਰਨ ਗਿਆਨ ਅਤੇ ਸਮਝ ਵਿੱਚਲੇ ਪਾੜੇ ਨੂੰ ਵਧਾ ਰਿਹਾ ਹੈ। |

| | |
|---|---|
| | • ਸਾਡੇ ਬੱਚੇ ਆਪਣੇ ਆਸ-ਪਾਸ ਦੀ ਦੁਨੀਆਂ ਤੋਂ ਆਪਣੇ ਵਿਚਾਰਾਂ ਨੂੰ ਬਣਾਉਂਦੇ ਹਨ—ਜਿਸ ਬਾਰੇ ਉਹ ਸਕੂਲ ਵਿੱਚ, ਦੋਸਤਾਂ ਵਿਚਕਾਰ ਅਤੇ ਆਨਲਾਈਨ ਸੁਣਦੇ, ਦੇਖਦੇ ਅਤੇ ਗੱਲ ਕਰਦੇ ਹਨ। <br>• ਸੋਸ਼ਲ ਮੀਡੀਆ ਐਲਗੋਰਿਦਮ ਜੋ ਅਸੀਂ ਦੇਖਦੇ ਹਾਂ ਉਸ ਨੂੰ ਪ੍ਰਭਾਵਿਤ ਕਰਦੇ ਹਨ। ਬਹੁਤ ਸਾਰੇ ਐਲਗੋਰਿਦਮ ਸਾਨੂੰ ਉਹੀ ਸਮੱਗਰੀ ਦਿਖਾਉਂਦੇ ਹਨ ਜਿਸ ਨਾਲ ਅਸੀਂ ਸਭ ਤੋਂ ਵੱਧ ਰੁੱਝਦੇ ਹਾਂ। ਉਦਾਹਰਨ ਲਈ, ਇੱਕ ਨੌਜਵਾਨ ਵਿਅਕਤੀ ਕਿਸੇ ਪੋਸਟ ਨੂੰ ਜਿੰਨਾ ਜ਼ਿਆਦਾ ਪਸੰਦ ਕਰਕੇ, ਟਿੱਪਣੀ ਜਾਂ ਸਾਂਝਾ ਕਰਕੇ ਉਸ ਨਾਲ ਜੁੜਦਾ ਹੈ, ਉਨੀ ਹੀ ਜ਼ਿਆਦਾ ਸੰਭਾਵਨਾ ਹੈ ਕਿ ਉਹ ਆਪਣੀ ਫੀਡ ਵਿੱਚ ਉਸੇ ਵਿਸ਼ੇ ਬਾਰੇ ਰਲਦੀਆਂ ਮਿਲਦੀਆਂ ਪੋਸਟਾਂ ਦੇਖਣਾ ਸ਼ੁਰੂ ਕਰ ਦੇਣਗੇ। <br>• ਅਸੀਂ ਉਸ ਨਿਰਾਦਰ ਨੂੰ ਸੈਂਸਰ ਜਾਂ ਘੱਟ ਨਹੀਂ ਕਰ ਸਕਦੇ ਜਿਸਦੇ ਸੰਪਰਕ ਵਿੱਚ ਨੌਜਵਾਨ ਆਨਲਾਈਨ ਆ ਸਕਦੇ ਹਨ, ਪਰ ਅਸੀਂ ਇਹ ਸਮਝਣ ਲਈ ਕਦਮ ਚੁੱਕ ਸਕਦੇ ਹਾਂ ਕਿ ਉਹ ਕੀ ਦੇਖ ਅਤੇ ਸੁਣ ਰਹੇ ਹਨ। |
| **ਮੁੱਖ ਧਾਰਾ ਵਲੋਂ ਕਾਰਵਾਈ ਕਰਨ ਦਾ ਸੱਦਾ** | ਕੀ ਤੁਸੀਂ ਜਾਣਦੇ ਹੋ ਕਿ ਤੁਹਾਡੇ ਬੱਚਿਆਂ ਨੂੰ ਕੀ ਪ੍ਰਭਾਵਿਤ ਕਰ ਰਿਹਾ ਹੈ? <br><br>ਇਸ ਤੋਂ ਪਹਿਲਾਂ ਉਹ ਹਿੰਸਾ ਵੱਲ ਵਧ ਜਾਣ respect.gov.au 'ਤੇ ਨਿਰਾਦਰ ਦੇ ਲੁਕਵੇਂ ਰੁਝਾਨਾਂ ਨੂੰ ਜਾਣੋ <br><br>ਔਰਤਾਂ ਵਿਰੁੱਧ ਹਿੰਸਾ। ਆਓ ਇਸਨੂੰ ਸ਼ੁਰੂ ਵਿੱਚ ਹੀ ਰੋਕੀਏ। |
| **CALD (ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ ਭਾਈਚਾਰਿਆਂ) ਵਲੋਂ ਕਾਰਵਾਈ ਕਰਨ ਦਾ ਸੱਦਾ** | ਕੀ ਤੁਸੀਂ ਜਾਣਦੇ ਹੋ ਕਿ ਤੁਹਾਡੇ ਬੱਚਿਆਂ ਨੂੰ ਕੌਣ ਪ੍ਰਭਾਵਿਤ ਕਰ ਰਿਹਾ ਹੈ? <br><br>ਇਸ ਤੋਂ ਪਹਿਲਾਂ ਉਹ ਹਿੰਸਾ ਵੱਲ ਵਧ ਜਾਣ respect.gov.au 'ਤੇ ਨਿਰਾਦਰ ਦੇ ਆਨਲਾਈਨ ਰੁਝਾਨਾਂ ਨੂੰ ਜਾਣੋ <br><br>ਔਰਤਾਂ ਵਿਰੁੱਧ ਹਿੰਸਾ। ਆਓ ਇਸਨੂੰ ਸ਼ੁਰੂ ਵਿੱਚ ਹੀ ਰੋਕੀਏ। |

# ਅਕਸਰ ਪੁੱਛੇ ਜਾਣ ਵਾਲੇ ਸਵਾਲ

## ‘ਸਟਾਪ ਇਟ ਐਟ ਸਟਾਰਟ’ ਮੁਹਿੰਮ ਕੀ ਹੈ?

- ‘ਸਟਾਪ ਇਟ ਐਟ ਸਟਾਰਟ’ ਇੱਕ ਮੱਢਲੀ ਰੋਕਥਾਮ ਵਾਲੀ ਮੁਹਿੰਮ ਹੈ ਜਿਸਦਾ ਉਦੇਸ਼ ਲਿੰਗ-ਆਧਾਰਿਤ ਹਿੰਸਾ ਦਾ ਸਮਰਥਨ ਕਰਨ ਜਾਂ ਅਣਡਿੱਠ ਕਰਨ ਵਾਲੇ ਰਵੱਈਏ ਅਤੇ ਵਿਵਹਾਰਾਂ ਨੂੰ ਪ੍ਰਭਾਵਿਤ ਕਰਕੇ ਲਿੰਗ-ਅਧਾਰਿਤ ਹਿੰਸਾ ਨੂੰ ਖਤਮ ਕਰਨਾ ਹੈ।
- ਇਹ ਮੁਹਿੰਮ ਉਹਨਾਂ ਨਕਾਰਾਤਮਕ ਅਤੇ ਹਿੰਸਕ ਆਨਲਾਈਨ ਪ੍ਰਭਾਵਾਂ ਦਾ ਮੁਕਾਬਲਾ ਕਰਨ ਲਈ ਇੱਕ ਮਹੱਤਵਪੂਰਨ ਪਹਿਲਕਦਮੀ ਹੈ ਜੋ ਨੌਜਵਾਨਾਂ ਦੇ ਸਤਿਕਾਰ ਬਾਰੇ ਸੋਚਣ ਦੇ ਤਰੀਕੇ ਨੂੰ ਪ੍ਰਭਾਵਿਤ ਕਰ ਰਹੇ ਹਨ।

Australian Government

VIOLENCE AGAINST WOMEN
LET'S STOP IT
AT THE START

- 'ਸਟਾਪ ਇਟ ਐਟ ਸਟਾਰਟ' ਮੁਹਿੰਮ ਵਿਆਪਕ ਖੋਜ 'ਤੇ ਅਧਾਰਿਤ ਹੈ, ਜਿਸ ਨੇ ਇਹ ਖੁਲਾਸਾ ਕੀਤਾ ਹੈ ਕਿ ਹੁਣ ਨਵੇਂ ਸ਼ਕਤੀਸ਼ਾਲੀ ਆਨਲਾਈਨ ਅਤੇ ਆਫਲਾਈਨ ਪ੍ਰਭਾਵਾਂ ਦੇ ਉਭਾਰ ਦੇ ਨਾਲ ਨੌਜਵਾਨ ਲੋਕਾਂ ਅਤੇ ਬਾਲਗ ਪ੍ਰਭਾਵਕਾਂ ਦੇ ਰਵੱਈਏ ਅਤੇ ਵਿਵਹਾਰਾਂ ਵਿਚਕਾਰ ਇੱਕ ਸਪਸ਼ਟ ਪ੍ਰਸੰਗਿਕ ਤਬਦੀਲੀ ਹੈ।
- 5ਵੇਂ ਪੜਾਅ ਲਈ ਬਾਲਗਾਂ ਨੂੰ ਉਹਨਾਂ ਦੇ ਆਪਣੇ ਮਨਾਂ ਵਿੱਚ ਸਮੱਸਿਆ ਨੂੰ ਮੁੜ ਸਥਾਪਿਤ ਕਰਨ, ਉਹਨਾਂ ਦੀ ਆਪਣੀ ਸਮਝ ਵਿੱਚ ਅੰਤਰ ਨੂੰ ਭਰਨ ਅਤੇ ਉਹਨਾਂ ਦੇ ਜੀਵਨ ਵਿੱਚਲੇ ਨੌਜਵਾਨਾਂ ਨਾਲ ਉਹਨਾਂ ਦੇ ਪ੍ਰਭਾਵ ਬਾਰੇ ਗੱਲਬਾਤ ਕਰਨ ਲਈ ਉਤਸ਼ਾਹਿਤ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ।

## ਮੁਹਿੰਮ ਕਦੋਂ ਅਤੇ ਕਿੱਥੇ ਚੱਲੇਗੀ?

- ਇਹ ਮੁਹਿੰਮ ਟੈਲੀਵਿਜ਼ਨ, ਆਨਲਾਈਨ ਵੀਡੀਓ, ਸੋਸ਼ਲ ਮੀਡੀਆ, ਆਨਲਾਈਨ ਖੋਜਾਂ ਜਿਵੇਂ ਕਿ ਗੂਗਲ (Google) ਵਿੱਚ ਅਤੇ ਸਿਨੇਮਾ ਘਰਾਂ ਵਿੱਚ 17 ਜੂਨ 2024 ਤੋਂ 3 ਮਈ 2025 ਤੱਕ ਚੱਲੇਗੀ।
- ਇਸ਼ਤਿਹਾਰਬਾਜ਼ੀ ਨੂੰ ਇੱਕ ਵਿਆਪਕ ਜਨਸੰਪਰਕ ਰਣਨੀਤੀ ਦੁਆਰਾ ਸਹਿਯੋਗ ਦਿੱਤਾ ਜਾਵੇਗਾ, ਜਿਸ ਵਿੱਚ ਮੀਡੀਆ ਦੀ ਸ਼ਮੂਲੀਅਤ, ਅਨੁਕੂਲਿਤ ਸਰੋਤ ਅਤੇ ਸਾਧਨ, ਭਾਈਚਾਰੇ ਦੀ ਸ਼ਮੂਲੀਅਤ ਅਤੇ ਮੁਹਿੰਮ ਦੀ ਵੈੱਬਸਾਈਟ ਸ਼ਾਮਲ ਹੈ।
- ਮੁਹਿੰਮ ਦੀ ਇਸ਼ਤਿਹਾਰਬਾਜ਼ੀ ਦਾ 4 ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ: ਅਰਬੀ, ਕੈਂਟੋਨੀਜ਼, ਮੈਂਡਰਿਨ ਅਤੇ ਵੀਅਤਨਾਮੀ।.
- ਮੁਹਿੰਮ ਦੀ ਵੈੱਬਸਾਈਟ ਵਿੱਚ ਇੱਕ ਖਾਸ ਤੌਰ ਤੇ ਬਣਿਆ ਟੂਲ ਸ਼ਾਮਲ ਹੈ ਜਿਸਨੂੰ ਅਲਗੋਰਿਦਮ ਆਫ਼ ਡਿਸਰਸਪੈਕਟਟੀ ਐਮ ਕਿਹਾ ਜਾਂਦਾ ਹੈ (Algorithm of Disrespect™)- ਇਸਨੂੰ ਕਿਸੇ ਨੌਜਵਾਨ ਵਿਅਕਤੀ ਦੇ ਸੋਸ਼ਲ ਮੀਡੀਆ ਅਨੁਭਵ ਨੂੰ ਦੁਹਰਾਉਣ ਲਈ ਤਿਆਰ ਕੀਤਾ ਗਿਆ ਹੈ ਤਾਂ ਜੋ ਉਹ ਉਹਨਾਂ ਪ੍ਰਭਾਵਾਂ ਨੂੰ ਦਰਸਾ ਸਕਣ ਜਿਹਨਾਂ ਦਾ ਉਹ ਸਾਹਮਣਾ ਕਰ ਸੱਕਦੇ ਹਨ।

## ਮੁਹਿੰਮ ਕਿਸ ਨੂੰ ਨਿਸ਼ਾਨਾ ਬਣਾ ਰਹੀ ਹੈ?

- ਇਹ ਮੁਹਿੰਮ ਉਹਨਾਂ ਬਾਲਗਾਂ ਲਈ ਹੈ ਜਿਹਨਾਂ ਦੇ ਜੀਵਨ ਵਿੱਚ 10-17 ਸਾਲ ਦੀ ਉਮਰ ਦੇ ਨੌਜਵਾਨ ਹਨ ਅਤੇ ਉਹਨਾਂ ਨੂੰ ਨਿਰਾਦਰ ਦੇ ਇਹਨਾਂ ਲੁਕਵੇਂ ਰੁਝਾਨਾਂ ਬਾਰੇ ਹੋਰ ਜਾਣਨ ਲਈ ਉਤਸ਼ਾਹਿਤ ਕਰਦੀ ਹੈ। ਮਾਪੇ, ਦੇਖਭਾਲ ਕਰਨ ਵਾਲੇ, ਸਰਪ੍ਰਸਤ, ਜਾਂ ਇੱਥੋਂ ਤੱਕ ਕਿ ਖੇਡ ਕੋਚ, ਅਧਿਆਪਕਾਂ, ਅਤੇ ਭਾਈਚਾਰਕ ਲੀਡਰਾਂ ਦੀ ਨੌਜਵਾਨਾਂ ਦੇ ਰਵੱਈਏ ਅਤੇ ਵਿਸ਼ਵਾਸਾਂ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਹੁੰਦੀ ਹੈ।
- 'ਸਟਾਪ ਇਟ ਐਟ ਦ ਸਟਾਰਟ' ਮੁਹਿੰਮ ਦਾ ਉਦੇਸ਼ ਪੀੜ੍ਹੀ ਦਰ ਬਦਲਾਅ ਕਰਨਾ ਹੈ। ਬੱਚੇ ਸਾਡੇ ਤੋਂ ਸਿੱਖਦੇ ਹਨ। ਇਸ ਲਈ, ਮਾਤਾ-ਪਿਤਾ, ਪਰਿਵਾਰ ਦੇ ਜੀਅ, ਅਧਿਆਪਕ, ਕੋਚ, ਰੁਜ਼ਗਾਰਦਾਤਾ, ਭਾਈਚਾਰਕ ਲੀਡਰਾਂ ਅਤੇ ਰੋਲ ਮਾਡਲਾਂ ਦੇ ਰੂਪ ਵਿੱਚ, ਸਾਨੂੰ ਸਾਰਿਆਂ ਨੂੰ ਸ਼ੁਰੂ ਤੋਂ ਹੀ ਮਿਆਰ ਨਿਰਧਾਰਤ ਕਰਨਾ ਚਾਹੀਦਾ ਹੈ, ਕਿ ਕੀ ਸਵੀਕਾਰਯੋਗ ਹੈ ਅਤੇ ਕੀ ਨਹੀਂ ਹੈ।

## ਕੀ ਕੋਈ ਅਨੁਵਾਦਿਤ ਸਰੋਤ ਹਨ?

- ਮੁਹਿੰਮ ਦੇ ਇਸ ਪੜਾਅ ਲਈ ਅਨੁਵਾਦਿਤ ਸਰੋਤ ਹਨ:
  - ਆਦਰਪੂਰਣ ਗੱਲਬਾਤ ਲਈ ਪਾਕੇਟ ਗਾਈਡ
  - ਨਿਰਾਦਰ ਦੇ ਲੁਕਵੇਂ ਰੁਝਾਨਾਂ ਦੀ ਗਾਈਡ
  - ਮੁੱਦੇ ਦੀ ਗਾਈਡ

Australian Government

VIOLENCE AGAINST WOMEN LET'S STOP IT AT THE START

- ਇਹਨਾਂ ਸਰੋਤਾਂ ਦਾ ਮੁਹਿੰਮ ਲਈ 11 ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ: ਅਰਬੀ, ਕੈਂਟੋਨੀਜ਼, ਫਿਲੀਪੀਨੋ (ਤਾਗਾਲੋਗ), ਹਿੰਦੀ, ਹਜ਼ਾਰਾਗੀ, ਕੋਰੀਅਨ, ਮੈਂਡਰਿਨ, ਨੇਪਾਲੀ, ਪੰਜਾਬੀ, ਥਾਈ ਅਤੇ ਵੀਅਤਨਾਮੀ। ਉਹ ਮੁਹਿੰਮ ਦੀ ਵੈੱਬਸਾਈਟ 'ਤੇ ਡਾਊਨਲੋਡ ਕਰਨ ਲਈ ਉਪਲਬਧ ਹਨ।

## ਮੁਹਿੰਮ ਦੇ ਸੰਭਾਵੀ ਪ੍ਰਭਾਵ ਕੀ ਹਨ?

- ਮੁਹਿੰਮ ਦਾ ਮੁੱਖ ਉਦੇਸ਼ ਲਿੰਗ-ਆਧਾਰਿਤ ਹਿੰਸਾ ਦਾ ਸਮਰਥਨ ਕਰਨ ਵਾਲੇ ਜਾਂ ਅਣਡਿੱਠ ਕਰਨ ਵਾਲੇ ਰਵੱਈਏ ਅਤੇ ਵਿਵਹਾਰਾਂ ਨੂੰ ਪ੍ਰਭਾਵਿਤ ਕਰਕੇ ਲਿੰਗ-ਆਧਾਰਿਤ ਹਿੰਸਾ ਨੂੰ ਰੋਕਣਾ ਹੈ।
- ਮੁਹਿੰਮ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਇਹ:
  - ਔਰਤਾਂ ਵਿਰੁੱਧ ਨਿਰਾਦਰ ਅਤੇ ਹਿੰਸਾ ਪ੍ਰਤੀ ਨੌਜਵਾਨਾਂ ਦੇ ਰਵੱਈਏ ਅਤੇ ਵਿਵਹਾਰ ਨੂੰ ਪ੍ਰਭਾਵਿਤ ਕਰਨ ਵਾਲੇ ਨਵੇਂ, ਨਕਾਰਾਤਮਕ ਪ੍ਰਭਾਵਾਂ ਬਾਰੇ ਬਾਲਗਾਂ ਵਿੱਚ ਜਾਗਰੂਕਤਾ ਅਤੇ ਸਮਝ ਨੂੰ ਵਧਾਏਗੀ।
  - ਔਰਤਾਂ ਵਿਰੁੱਧ ਨਿਰਾਦਰ ਅਤੇ ਹਿੰਸਾ ਬਾਰੇ ਨੌਜਵਾਨਾਂ ਨਾਲ ਕਿਰਿਆਸ਼ੀਲ ਅਤੇ ਨਿਰੰਤਰ ਗੱਲਬਾਤ ਕਰਨ ਦੇ ਮਹੱਤਵ ਬਾਰੇ ਬਾਲਗ ਪ੍ਰਭਾਵਕਾਂ ਵਿਚਕਾਰ ਸਮਝ ਨੂੰ ਵਧਾਏਗੀ।
  - ਔਰਤਾਂ ਵਿਰੁੱਧ ਨਿਰਾਦਰ ਅਤੇ ਹਿੰਸਾ ਬਾਰੇ ਨੌਜਵਾਨਾਂ 'ਤੇ ਨਵੇਂ, ਨਕਾਰਾਤਮਕ ਪ੍ਰਭਾਵਾਂ ਬਾਰੇ ਜਾਣਕਾਰੀ ਲੈਣ ਜਾਂ ਨੌਜਵਾਨਾਂ ਨਾਲ ਗੱਲ ਕਰਨ ਵਾਲੇ ਬਾਲਗ ਪ੍ਰਭਾਵਕਾਂ ਦੀ ਗਿਣਤੀ ਨੂੰ ਵਧਾਏਗੀ।

## ਐਲਗੋਰਿਦਮ ਆਫ਼ ਡਿਸਰਸਪੈਕਟ ਟੀ ਐਮ ਕੀ ਹੈ?

- ਐਲਗੋਰਿਦਮ ਆਫ਼ ਡਿਸਰਸਪੈਕਟ ਟੀ ਐਮ ਇੱਕ ਪਰਸਪਰ ਵਿਦਿਅਕ ਸਾਧਨ ਹੈ ਜੋ ਇੱਕ ਨੌਜਵਾਨ ਵਿਅਕਤੀ ਦੇ ਆਨਲਾਈਨ ਅਨੁਭਵ ਦੀ ਨਕਲ ਕਰਦਾ ਹੈ।
- ਇਹ ਬਾਲਗਾਂ ਨੂੰ ਨਿਰਾਦਰ ਦੇ ਉਹਨਾਂ ਨਵੇਂ, ਲੁਕਵੇਂ ਰੂਪਾਂ ਨੂੰ ਦਿਖਾਉਣ ਅਤੇ ਸਿੱਖਿਅਤ ਕਰਨ ਲਈ ਤਿਆਰ ਕੀਤਾ ਗਿਆ ਹੈ ਜਿਹਨਾਂ ਨਾਲ ਨੌਜਵਾਨ ਹਰ ਰੋਜ਼ ਆਨਲਾਈਨ ਜੁੜ ਰਹੇ ਹਨ।
- ਅਨੁਭਵ ਦੁਆਰਾ ਉਪਭੋਗਤਾ ਇਹ ਦੇਖਣਗੇ ਕਿ ਇੱਕ ਨੌਜਵਾਨ ਵਿਅਕਤੀ ਦੀ ਸੋਸ਼ਲ ਮੀਡੀਆ ਫੀਡ 'ਤੇ ਕਿੰਨੀ ਆਸਾਨੀ ਨਾਲ ਨੁਕਸਾਨਦੇਹ ਅਤੇ ਅਪਮਾਨਜਨਕ ਸਮੱਗਰੀ ਦਿਖਾਈ ਦੇ ਸਕਦੀ ਹੈ, ਅਤੇ ਨਿਰਾਦਰ ਨੂੰ ਸਵੀਕਾਰ ਕਰਨਾ ਕਿੰਨਾ ਆਸਾਨ ਹੈ।